ਸਭ ਹੱਕ ਰਾਖਵੇਂ ਹਨ।

੧੮੬

ਨਵਾਂ ਕਿੱਸਾ

برا حال تے مندے دیہاڑے

# ਬੁਰਾ ਹਾਲ

PUNJABI DEPARTMENT
Patiala & East Punjab States Union
PATIALA

# ਮੰਦੇ ਦਿਹਾੜੇ

ਕ੍ਰਿਤ ਕਵੀ

1666 G

ਜਨਾਬ ਮੁਨਸ਼ੀ ਮਹੰਮਦ ਬਖ਼ਸ਼ ਫਰਸ਼ੀ,
ਕਟੜਾ ਸ਼ੇਰ ਸਿੰਘ ਅੰਮਰਤਸਰ.

ਜਿਸਨੂੰ
ਮੁਨਸ਼ੀ ਸ਼ਾਹ ਦੀਨ ਐਂਡ ਸੰਨਜ਼,
ਪੁਸਤਕਾਂ ਛਾਪਨ ਤੇ ਵੇਚਨ ਵਾਲੇ, ਅੰਮਰਤਸਰ
ਪੁਰਾਨਾਂ ਬਾਜ਼ਾਰ ਕੰਜਰਾਂ ਮੁਗ਼ਲਗੇਟ ਨੇ ਛਾਪ ਕੇ ਪ੍ਰਕਾਸ਼ਿਤ ਕੀਤਾ॥

ਰਿਪਨ ਪ੍ਰੈਸ, ਬੁਲ ਰੋਡ, ਲਾਹੌਰ ਵਿੱਚ ਮਿਰਜ਼ਾ ਮਹੰਮਦ ਸਾਦਿਕ ਪ੍ਰਿੰਟਰ ਦੇ ਯਤਨ ਨਾਲ ਛਪਿਆ॥

Digitized by Panjab Digital Library | www.panjabdigilib.org

# ਡਾਢੀ ਪਈ ਪੁਕਾਰ ਜ਼ਾਲਮ ਮੰਦੇ ਦੀ

—o—

ਯਾ ਰਬ ਸਾਈਆਂ ਕਰਮ ਕਮਾਈਂ
ਫਜ਼ਲ ਕਰੇਂ ਤੂੰ ਜਗ ਤੇ ਸਾਈਂ
ਸੱਚਾ ਤੂੰ ਕਰਤਾਰ ਜ਼ਾਲਮ ਮੰਦੇ ਦੀ
ਡਾਢੀ ਪਈ ਪੁਕਾਰ ਜ਼ਾਲਮ ਮੰਦੇ ਦੀ

ਏਸ ਮੰਦੇ ਤੋਂ ਹਰ ਇਕ ਭਾਈ
ਹਟੀਆਂ ਵਾਲੇ ਦੇਨ ਦੁਹਾਈ
ਬੰਦ ਹੋਏ ਰੁਜ਼ਗਾਰ ਜ਼ਾਲਮ ਮੰਦੇ ਦੀ
ਡਾਢੀ ਪਈ ਪੁਕਾਰ ਜ਼ਾਲਮ ਮੰਦੇ ਦੀ

ਖੋਲ ਦੁਕਾਨਾਂ ਬੈਹਨ ਵਚਾਰੇ
ਮਾਰਨ ਰੋ ਰੋ ਗ਼ਮ ਦੇ ਨਾਅਰੇ
ਕੋਈ ਨਾ ਪੁਛਦਾ ਸਾਰ ਜ਼ਾਲਮ ਮੰਦੇ ਦੀ
ਡਾਢੀ ਪਈ ਪੁਕਾਰ ਜ਼ਾਲਮ ਮੰਦੇ ਦੀ

ਮੰਦੇ ਹਥੋਂ ਹਰ ਇਕ ਸੜਿਆ
ਆਖਨ ਹੋਰ ਜ਼ਮਾਨਾ ਚੜ੍ਹਿਆ
ਖੁਲਦਾ ਨਹੀਂ ਰੁਜ਼ਗਾਰ ਜ਼ਾਲਮ ਮੰਦੇ ਦੀ
ਡਾਢੀ ਪਈ ਪੁਕਾਰ ਜ਼ਾਲਮ ਮੰਦੇ ਦੀ

Digitized by Panjab Digital Library | www.panjabdigilib.org

ਹੱਟੀਆਂ ਤੇ ਬੈਹ ਗੱਲਾਂ ਕਰਦੇ
ਤੋਬਾ ਤੋਬ ਕਰਨ ਸਭ ਡਰਦੇ
ਪੜ੍ਹਦੇ ਇਸਤਗ਼ੁਫ਼ਾਰ ਜ਼ਾਲਮ ਮੰਦੇ ਦੀ
ਡਾਢੀ ਪਈ ਪੁਕਾਰ ਜ਼ਾਲਮ ਮੰਦੇ ਦੀ

ਸਾਰਾ ਦਿਨ ਬੈਹ ਬੈਹ ਕੇ ਭਾਈ
ਵਟਨ ਕੁਲ ਰੁਪੱਯੇ ਢਾਈ
ਜਾਨ ਦੁਕਾਨਾਂ ਮਾਰ ਜ਼ਾਲਮ ਮੰਦੇ ਦੀ
ਡਾਢੀ ਪਈ ਪੁਕਾਰ ਜ਼ਾਲਮ ਮੰਦੇ ਦੀ

ਵਿੱਚ ਵਿੱਚ ਏਸ ਮੰਦੇ ਇਕ ਪੀਤੇ
ਰਹਿਨ ਵਚਾਰੇ ਉਹ ਚੁਪ ਕੀਤੇ
ਸੋਚਾਂ ਕਰਨ ਹਜ਼ਾਰ ਜ਼ਾਲਮ ਮੰਦੇ ਦੀ
ਡਾਢੀ ਪਈ ਪੁਕਾਰ ਜ਼ਾਲਮ ਮੰਦੇ ਦੀ

ਕੀਹ ਕੁਝ ਏਸ ਮੰਦੇ ਦੇ ਚਾਲੇ
ਕਈਆਂ ਕਢੇ ਜਾਨ ਦਿਵਾਲੇ
ਕਰਜ਼ਿਓਂ ਹੋ ਲਾਚਾਰ ਜ਼ਾਲਮ ਮੰਦੇ ਦੀ
ਡਾਢੀ ਪਈ ਪੁਕਾਰ ਜ਼ਾਲਮ ਮੰਦੇ ਦੀ

ਵਾਹ ਵਾਹ ਏਸ ਮੰਦੇ ਦੀਆਂ ਕਾਰਾਂ
ਛਾਬੜੀਆਂ ਲਾ ਵਿੱਚ ਬਾਜ਼ਾਰਾਂ
ਬੈਠੇ ਹੋ ਬੇਜ਼ਾਰ ਜ਼ਾਲਮ ਮੰਦੇ ਦੀ
ਡਾਢੀ ਪਈ ਪੁਕਾਰ ਜ਼ਾਲਮ ਮੰਦੇ ਦੀ

Digitized by Panjab Digital Library | www.panjabdigilib.org

ਥਾਂ ਥਾਂ ਮੰਦੇ ਕੀਤੀ ਧਾਈ
ਕੀਹ ਕੁਝ ਦੱਸਾਂ ਮੈਂ ਹੁਨ ਭਾਈ
ਹੋਵੇ ਨਾ ਇਜ਼ਹਾਰ ਜ਼ਾਲਮ ਮੰਦੇ ਦੀ
ਡਾਢੀ ਪਈ ਪੁਕਾਰ ਜ਼ਾਲਮ ਮੰਦੇ ਦੀ

ਮੁਸ਼ਕਲ ਬਨ ਗਈ ਟੱਬਰਦਾਰਾਂ
ਰਬ ਬਿਨਾਂ ਕੌਨ ਪੁਛੇ ਸਾਰਾਂ
ਕਰਦੇ ਸੋਚ ਵਚਾਰ ਜ਼ਾਲਮ ਮੰਦੇ ਦੀ
ਡਾਢੀ ਪਈ ਪੁਕਾਰ ਜ਼ਾਲਮ ਮੰਦੇ ਦੀ

ਜਿਸ ਤਨ ਲਗਦੀ ਸੋਈਓ ਜਾਨੇ
ਘਰ ਵਿੱਚ ਰੋਂਦੇ ਬਾਲ ਅੱਯਾਨੇ
ਭੁੱਖੇ ਕਰਨ ਪੁਕਾਰ ਜ਼ਾਲਮ ਮੰਦੇ ਦੀ
ਡਾਢੀ ਪਈ ਪੁਕਾਰ ਜ਼ਾਲਮ ਮੰਦੇ ਦੀ

ਸੁਖ ਦੀ ਨੀਂਦ ਨਹੀਂ ਇਕ ਸੌਂਦੇ
ਲੱਭੇ ਕਾਰ ਨਾ ਫਿਰਦੇ ਭੌਂਦੇ
ਹੁੰਦੇ ਫਿਰਨ ਖੁਵਾਰ ਜ਼ਾਲਮ ਮੰਦੇ ਦੀ
ਡਾਢੀ ਪਈ ਪੁਕਾਰ ਜ਼ਾਲਮ ਮੰਦੇ ਦੀ

ਮੇਹਨਤੀਆਂ ਦੀ ਕਿਸਮਤ ਖੋਟੀ
ਲਭਦੀ ਨਾਹੀਂ ਸੁੱਕੀ ਰੋਟੀ
ਨਾਹੀਂ ਮਿਲੇ ਉਧਾਰ ਜ਼ਾਲਮ ਮੰਦੇ ਦੀ
ਡਾਢੀ ਪਈ ਪੁਕਾਰ ਜ਼ਾਲਮ ਮੰਦੇ ਦੀ

Digitized by Panjab Digital Library | www.panjabdigilib.org

ਗਹਿਣਾਂ ਨਹੀਂ ਜੋ ਗਹਿਣੇ ਪਾਵਨ
ਕਿਥੋਂ ਜਾ ਹੁਨ ਕਰਜ਼ ਉਠਾਵਨ
ਬਨਦਾ ਕੋਈ ਨ ਯਾਰ ਜ਼ਾਲਮ ਮੰਦੇ ਦੀ
ਡਾਡੀ ਪਈ ਪੁਕਾਰ ਜ਼ਾਲਮ ਮੰਦੇ ਦੀ
ਔਖੇ ਵੇਲੇ ਨਾ ਕੋਈ ਬਨਦਾ
ਜ਼ਿੰਦਾ ਰਿਹਾ ਨਾ ਕੋਈ ਜਨਦਾ
ਸੁਨੇ ਜੋ ਹਾਲ ਪੁਕਾਰ ਜਾਲਮ ਮੰਦੇ ਦੀ
ਡਾਹਡੀ ਪਈ ਪੁਕਾਰ ਜ਼ਾਲਮ ਮੰਦੇ ਦੀ
ਕੰਮ ਕਾਰ ਹੁਨ ਰਿਹਾ ਨਾ ਕੋਈ
ਹਾਏ ਹਾਏ ਡਾਹਡੀ ਮੁਸ਼ਕਲ ਹੋਈ
ਕਿਥੋਂ ਲਭੇ ਕਾਰ ਜ਼ਾਲਮ ਮੰਦੇ ਦੀ
ਡਾਹਡੀ ਪਈ ਪੁਕਾਰ ਜ਼ਾਲਮ ਮੰਦੇ ਦੀ
ਸੱਚੀ ਗਲ ਸੁਨਾਵਾਂ ਸਾਰੀ
ਸੱਟੇ ਦੀ ਸੀ ਅਸਲ ਬੀਮਾਰੀ
ਹਰ ਮੁਲਕਾਂ ਤੇ ਯਾਰ ਜ਼ਾਲਮ ਮੰਦੇ ਦੀ
ਡਾਹਡੀ ਪਈ ਪੁਕਾਰ ਜ਼ਾਲਮ ਮੰਦੇ ਦੀ
ਭਾਈਂ ਮੰਦੇ ਨੇ ਸਿਰ ਚਾਯਾ
ਜੋ ਖੱਟਿਆ ਸਭ ਹਾਰ ਗਵਾਯਾ
ਸੱਟੇ ਦੇ ਵਿੱਚ ਯਾਰ ਜ਼ਾਲਮ ਮੰਦੇ ਦੀ
ਡਾਹਡੀ ਪਈ ਪੁਕਾਰ ਜ਼ਾਲਮ ਮੰਦੇ ਦੀ

Digitized by Panjab Digital Library | www.panjabdigilib.org

ਫਜ਼ਲ ਖੁਦਾ ਦਾ ਹੁਨ ਹੋ ਜਾਸੀ
ਅਸਲੀ ਮੰਦਾ ਸੱਟੇ ਦਾ ਸੀ
ਕੀਤਾ ਸੱਚ ਇਜ਼ਹਾਰ ਜ਼ਾਲਮ ਮੰਦੇ ਦੀ
ਡਾਹਢੀ ਪਈ ਪੁਕਾਰ ਜ਼ਾਲਮ ਮੰਦੇ ਦੀ
ਹੁਨ ਇਹ ਗੌਰਮਿੰਟ ਨੇ ਭਾਈ
ਥਾਂ ਥਾਂ ਡੌਂਡੀ ਹੈ ਪਟਵਾਈ
ਕਰੋ ਨਾ ਐਸੀ ਕਾਰ ਜ਼ਾਲਮ ਮੰਦੇ ਦੀ
ਡਾਹਡੀਪਈ ਪੁਕਾਰ ਜ਼ਾਲਮ ਮੰਦੇ ਦੀ
ਗੌਰਮਿੰਟ ਨੇ ਹੁਕਮ ਚੜ੍ਹਾਯਾ
ਜਿਸ ਨੇ ਜਾਕੇ ਸੱਟਾ ਲਾਯਾ
ਫੜਿਆ ਜਾਸੀ ਯਾਰ ਜ਼ਾਲਮ ਮੰਦੇ ਦੀ
ਡਾਹਡੀ ਪਈ ਪੁਕਾਰ ਜ਼ਾਲਮਮੰਦੇ ਦੀ
ਹੁਨ ਭੀ ਜੇਹੜਾ ਸੱਟਾ ਲਾਵੇ
ਅਪਨਾ ਕੀਤਾ ਆਪੇ ਪਾਵੇ
ਸੱਚੀ ਇਹ ਸਰਕਾਰ ਜ਼ਾਲਮ ਮੰਦੇ ਦੀ
ਡਾਹਡੀ ਪਈ ਪੁਕਾਰ ਜ਼ਾਲਮਮੰਦੇ ਦੀ
ਕੱਦਾ ਧੱਨਾ ਬਨੇ ਅਮੀਰ
ਲਾਵਨ ਵਾਲੇ ਹੋਏ ਫਕੀਰ
ਦਿਲ ਵਿੱਚ ਕਰੋ ਵਚਾਰ ਜ਼ਾਲਮ ਮੰਦੇ ਦੀ
ਡਾਹਡੀ ਪਈ ਪੁਕਾਰ ਜ਼ਾਲਮ ਮੰਦੇ ਦੀ

Digitized by Panjab Digital Library | www.panjabdigilib.org

ਏਸ ਕਿੱਸੇ ਨੂੰ ਛਾਪਨ ਵਾਲਾ
ਸ਼ਾਹ ਦੀਨ ਹੈ ਯਾਰ ਨਿਰਾਲਾ
ਫਰਸ਼ੀ ਕਰੇ ਤਿਆਰ ਜ਼ਾਲਮ ਮੰਦੇ ਦੀ
ਡਾਹਡੀ ਪਈ ਪੁਕਾਰ ਜ਼ਾਲਮ ਮੰਦੇ ਦੀ
ਸ਼ਾਹ ਦੀਨ ਦੀ ਹੱਟੀ ਜਾਓ
ਓਥੋਂ ਸਸਤੇ ਕਿੱਸੇ ਲਿਆਓ
ਤਰਾਂ ਤਰਾਂ ਦੇ ਯਾਰ ਜ਼ਾਲਮ ਮੰਦੇ ਦੀ
ਡਾਹਡੀ ਪਈ ਪੁਕਾਰ ਜ਼ਾਲਮ ਮੰਦੇ ਦੀ
ਹੱਟੀ ਇਹ ਲਾਹੌਰੋਂ ਆਈ
ਅੰਮਰਤਸਰ ਦੇ ਵਿੱਚ ਹੈ ਪਾਈ
ਕੰਜਰਾਂ ਦੇ ਬਾਜ਼ਾਰ ਜ਼ਾਲਮ ਮੰਦੇ ਦੀ
ਡਾਹਡੀ ਪਈ ਪੁਕਾਰ ਜ਼ਾਲਮ ਮੰਦੇ ਦੀ
ਫਰਸ਼ੀ ਅੰਮਰਤਸਰ ਵਿਚ ਰਹਿੰਦਾ
ਸ਼ਾਹ ਦੀਨ ਦੀ ਹੱਟੀ ਬੈਂਹਦਾ
ਰਾਤ ਦਿਨੇ ਉਹ ਯਾਰ ਜ਼ਾਲਮ ਮੰਦੇ ਦੀ
ਡਾਹਡੀ ਪਈ ਪੁਕਾਰ ਜ਼ਾਲਮ ਮੰਦੇ ਦੀ

॥ ਸੰਪੂਰਣੰ ॥

Digitized by Panjab Digital Library | www.panjabdigilib.org

# ਇਸ਼ਤਿਹਾਰ.

## ਇੰਗਲਿਸ਼ ਟੀਚਰ ਅੰਗ੍ਰੇਜ਼ੀ-ਗੁਰਮੁਖੀ

ਇਸ ਕਿਤਾਬ ਦੇ ਪੜ੍ਹਨ ਨਾਲ ਹਰ ਇਕ ਆਦਮੀ ਬਗ਼ੈਰ ਕਿਸੀ ਉਸਤਾਦ ਦੀ ਮਦਦ ਤੋਂ ਘਰ ਬੈਠੇ ਦਸਵੀਂ ਜਮਾਤ ਤਕ ਅੰਗ੍ਰੇਜ਼ੀ ਪੜ੍ਹਾਈ ਅਥਵਾ ਬੜੇ ੨ ਪ੍ਰੋਫੈਸਰਾਂ ਦੇ ਨਾਲ ਅੰਗ੍ਰੇਜ਼ੀ ਵਿੱਚ ਗੱਲ ਬਾਤ ਕਰਨ ਲਗ ਜਾਂਦਾ ਹੈ, ਕੀਮਤ ਸਿਰਫ਼ ।||) ਬਾਰਾਂ ਆਨੇ ਹੈ ।

—0—

## ਖ਼ੁਸ਼ ਇਲਹਾਨ ਗੋਲੀਆਂ

ਜੇਕਰ ਆਪ ਅਪਨੀ ਅਵਾਜ਼ ਨੂ ਸੁਰੀਲਾ ਬਨਾਉਨਾ ਚਾਹੁੰਦੇ ਹੋ ਤਾਂ 'ਖ਼ੁਸ਼ ਇਲਹਾਨ ਗੋਲੀਆਂ' ਵਰਤੋ। ਅਵਾਜ਼ ਕਦੀ ਖ਼ਰਾਬ ਨਾ ਹੋਵੇਗੀ, ਬਲਕੇ ਬੜੀ ਸੁਰੀਲੀ ਅਤੇ ਸਾਫ਼ ਹੋ ਜਾਵੇਗੀ ਜੋ ਸੱਜਨ ਉਚੀ ਅਵਾਜ਼ ਕੋਲੋਂ ਕੰਮ ਲੈਂਦੇ ਹਨ ਉਨ੍ਹਾਂ ਵਾਸਤੇ ਬੜੀ ਮੁਫ਼ੀਦ ਤੇ ਗੁਣਕਾਰ ਹੈ ਆਪ ਜਲਦੀ ਮੰਗਵਾਓ ਤੇ ਇਸ ਤੋਂ ਫੈਦਾ ਉਠਾਓ। ਕੀਮਤ ਸਿਰਫ ਇਕ ਪੈਕਟ ਦੀ ॥) ਅਠ ਆਨੇ

ਹਰ ਕਿਸਮ ਦੀਆਂ ਪੁਸਤਕਾਂ ਮਿਲਨ ਦਾ ਪਤਾ:—

## ਮੁਨਸ਼ੀ ਸ਼ਾਹ ਦੀਨ ਐਂਡ ਸੰਨਜ਼,

ਪੁਸਤਕਾਂ ਛਾਪਨ ਤੇ ਵੇਚਨ ਵਾਲੇ, ਅੰਮ੍ਰਿਤਸਰ.
ਪੁਰਾਨਾਂ ਬਾਜ਼ਾਰ ਕੰਜਰਾਂ ਮੁਗ਼ਲ ਗੇਟ।

Digitized by Panjab Digital Library | www.panjabdigilib.org